## PUNJABI (Compulsory)

**Time Allowed : 3 Hrs.** **Maximum Marks : 45**

1. ਨਿਮਨ-ਲਿਖਤ ਕਾਵਿ-ਟੋਟਿਆਂ ਵਿੱਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਤੇ ਮਚਲਾ ਜੱਟ ਆਖੇ—
ਮੁੰਦਰਾਂ ਲੈ ਆਪਣੀਆਂ ਮੋੜ ਬਾਵਾ।
ਤੇ ਕੰਨ ਮੇਰੇ ਸਬੂਤ ਕਰ ਤੂੰ ਭਲੇ ਮਾਣਸਾ
ਕੰਨਾਂ ਨੂੰ ਕਾਹਨੂੰ ਚਾ ਪਾੜਿਆ ?
ਜੋਗ ਦੀ ਮੈਨੂੰ ਕੀ ਲੋੜ ਸੀ ? ਨਾਥਾ ਦੱਸ ਖਾਂ ?
ਮੈਂ ਸਿਖਿਆ ਸੀ ਨਾਮ ਪਿਆਰ ਦਾ
ਤੇ ਹੱਡਾਂ ਵਿਚ ਪਿਆਰ ਪਿਆ ਧੜਕਦਾ,
ਨਾਮ ਪਿਆ ਵੱਜਦਾ,
ਜੋਗ ਤੇਰਾ ਹੋੜਦਾ ਇਸ਼ਕ ਥੀਂ ਕਮਲਿਆ।
ਮੋੜ ਮੇਰੇ ਕੰਨ, ਲੈ ਮੋੜ ਆਪਣੀਆਂ ਮੁੰਦਰਾਂ।

(ਅ) ਵਿਚ ਜੰਗ ਦੇ ਖੂਨ ਦੀ ਲਾ ਮਹਿੰਦੀ,
ਪਾਈਏ ਬਾਂਹ ਤਲਵਾਰ ਦੀ ਬਾਂਹ ਅੰਦਰ।
ਅਸੀਂ ਪੰਜ ਦਰਿਆਵਾਂ ਦੇ ਸ਼ੇਰ ਦੂਲੇ,
ਦੋਹਾਂ ਦੇਵੀਆਂ ਨੂੰ ਨਿਮਸ਼ਕਾਰ ਸਾਡੀ,

https://questionpaperesult.com/

Scanned by CamScanner

ਵਿਚ ਰੰਗ ਦੇ ਦੇਵੀ ਹੈ ਨਾਰ ਸਾਡੀ,
ਵਿਚ ਜੰਗ ਦੇ ਦੇਵੀ ਕਟਾਰ ਸਾਡੀ।
ਵਿਚ ਜੰਗ ਦੇ ਭਾਵੇਂ ਮੈਂ ਚਲਿਆ ਹਾਂ,
ਤਾਂ ਵੀ ਰੱਖਸਾਂ ਤੇਰਾ ਖਿਆਲ ਪਿਆਰੀ। 5

2. ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ :
(ੳ) ਬਾਗ਼ਾਂ ਦਾ ਰਾਖਾ (ਅ) ਠੱਗੀ। 5

3. 'ਗਲੀਏ ਚਿੱਕੜ ਦੂਰਿ ਘਰੁ' ਪੁਸਤਕ ਵਿੱਚੋਂ ਕਿਸੇ ਇੱਕ ਕਾਂਡ/ਪਾਠ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ :
(ੳ) ਨਵੇਂ ਲੋਕ ਨਵੇਂ ਕਜ਼ੀਏ
(ਅ) ਟੋਟਾ ਕੁ ਧੁੱਪ। 5

4. ਕਾਵਿ-ਸੰਗ੍ਰਹਿ, ਕਹਾਣੀ-ਸੰਗ੍ਰਹਿ ਅਤੇ ਸਵੈ-ਜੀਵਨੀ ਪੁਸਤਕਾਂ ਵਿਚੋਂ ਕਿਸੇ ਦਸ ਲਘੂ ਪ੍ਰਸ਼ਨਾਂ ਦੇ ਉੱਤਰ ਇਕ ਜਾਂ ਦੋ ਵਾਕਾਂ ਵਿਚ ਲਿਖੋ :
(i) ਅਸਲੀ ਖੇੜੇ ਦਾ ਭੇਦ ਕਿਸ ਤਰ੍ਹਾਂ ਸੰਮਝ ਆਉਂਦਾ ਹੈ ?
(ii) ਚਸ਼ਮੇ ਨੇ ਆਪਣੇ ਲਗਾਤਾਰ ਚਲਣ ਬਾਰੇ ਕੀ ਉੱਤਰ ਦਿੱਤਾ ?
(iii) ਛੱਲੀਆਂ ਦੇ ਅੰਬਾਰ ਤੋਂ ਕੀ ਭਾਵ ਹੈ ?
(iv) ਪੰਜਾਬ ਦੇ ਜਵਾਨਾਂ ਦਾ ਸੁਭਾਅ ਕਿਹੋ ਜਿਹਾ ਹੈ ?
(v) ਇਨਸਾਨ ਵਿਚਲੇ ਰੱਬ ਦਾ ਟੁੱਕੜਾ ਕੀ ਹੈ ਅਤੇ ਇਸਦੇ ਮਰਨ ਉਪਰੰਤ ਕੀ ਹੁੰਦਾ ਹੈ ?
(vi) ਮੇਜਰ ਸਾਹਿਬ ਪਹਿਲੇ ਦਰਜੇ ਦੇ ਡੱਬੇ ਨੂੰ 'ਪੇ-ਮਰਿਆਂ' ਦਾ ਡੱਬਾ ਕਿਉਂ ਕਹਿੰਦੇ ਹਨ ?
(vii) ਡਾਕੀਏ ਨੇ ਮਾਨ ਸਿੰਘ ਨੂੰ ਕੀ ਸੂਚਨਾ ਦਿੱਤੀ ?
(viii) ਚੱਟੂ ਕਹਾਣੀ ਵਿੱਚ ਸਫਰ ਦੌਰਾਨ ਕੁੜੀ ਨੇ ਚੱਟੂ ਕਿਉਂ ਚੁਕਿਆ ਹੋਇਆ ਸੀ ਅਤੇ ਅਖ਼ੀਰ ਵਿਚ ਚੱਟੂ ਨਾਲ ਕੀ ਵਾਪਰਦਾ ਹੈ ?
(ix) ਠੱਗੀ ਕਹਾਣੀ ਦਾ ਲੇਖਕ ਕੌਣ ਹੈ ?
(x) ਕਿਸ਼ਨੇ ਤਰਖਾਣ ਦਾ ਸ਼ਹਿਰ ਵਿੱਚ ਚਿੱਤ ਉਦਾਸ ਕਿਉਂ ਰਹਿੰਦਾ ਸੀ ?
(xi) ਮੰਜੀਆਂ ਖੜ੍ਹੀਆਂ ਕਰਨ ਦਾ ਥਾਣੇਦਾਰ ਉਪਰ ਕੀ ਅਸਰ ਹੋਇਆ ?
(xii) ਲੇਖਕ ਦੇ ਘਰ ਠਹਿਰੇ ਮਹਿਮਾਨ ਦਰਸ਼ਨ ਸਿੰਘ ਨੇ ਕਿਹੋ ਜਿਹਾ ਕੰਮ ਕੀਤਾ ?
(xiii) ਲੇਖਕ ਦੀ ਭੈਣ ਦਾ ਪਤੀ ਪਾਕਿਸਤਾਨ ਵਿੱਚ ਕਿਉਂ ਰਹਿ ਗਿਆ ਸੀ ?
(xiv) ਲੇਖਕ ਰਾਵਲਪਿੰਡੀ ਪਹੁੰਚੇ ਮਹਾਤਮਾ ਗਾਂਧੀ ਨੂੰ ਕਿਉਂ ਨਹੀਂ ਪਸੰਦ ਕਰਦਾ ?
(xv) ਕੰਪਨੀ ਵਿੱਚ ਕੰਮ ਕਰਦਿਆਂ ਭਗਤ ਸਿੰਘ ਆਦਿ ਸਾਥੀਆਂ ਤੋਂ ਲੇਖਕ ਕਿਵੇਂ ਪ੍ਰਭਾਵਿਤ ਹੋਇਆ ? 5×2

5. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਬਾਰੇ ਲੇਖ ਲਿਖੋ (500 ਸ਼ਬਦਾਂ ਵਿੱਚ) :
(i) ਸੰਚਾਰ ਸਾਧਨ
(ii) ਦਾਜ - ਇੱਕ ਲਾਹਨਤ
(iii) ਮਾਂ ਬੋਲੀ ਦਾ ਮਹੱਤਵ
(iv) ਪੰਜਾਬੀ ਸਭਿਆਚਾਰ।

https://questionpaperesult.com/

Scanned by CamScanner

6. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਲਿਖੋ :

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਸ ਤੋਂ ਬਿਨਾਂ ਨਾ ਆਦਮੀ ਅਤੇ ਨਾ ਹੀ ਸਮਾਜ਼ ਕਾਇਮ ਰਹਿ ਸਕਦਾ ਹੈ। ਆਸ ਇੱਕ ਅਜਿਹੀ ਚਿਣਗ ਹੈ, ਜਿਸ ਸਦਕਾ ਮਨੁੱਖਤਾ ਸੁਪਨੇ ਵੇਖਦੀ, ਯੋਜਨਾਵਾਂ ਬਣਾਉਂਦੀ ਅਤੇ ਉਸਾਰੀ ਕਰਦੀ ਹੋਈ ਅੱਜ ਤੱਕ ਜਿਊਂਦੀ ਆ ਰਹੀ ਹੈ। ਮਨੁੱਖਤਾ ਨੇ ਹਮੇਸ਼ਾਂ ਉਸ ਵੇਲੇ ਆਸ ਦਾ ਸਹਾਰਾ ਲਿਆ, ਜਦੋਂ ਉਸ ਨੂੰ ਕੋਈ ਵੀ ਰਾਹ ਵਿਖਾਈ ਨਹੀਂ ਸੀ ਦੇ ਰਿਹਾ ਅਤੇ ਮਨੁੱਖਤਾ ਨੇ ਉਸ ਵੇਲੇ ਉਸਾਰੀ ਕੀਤੀ ਜਦ ਉਸ ਦੇ ਚੁਫੇਰੇ ਵੀਰਾਨੀ ਅਤੇ ਖੰਡਰ ਵਿਖਾਈ ਦੇ ਰਹੇ ਸਨ। ਅਸਲ ਵਿੱਚ ਆਸ ਮਨੁੱਖੀ ਸੁਭਾਅ ਦਾ ਇੱਕ ਅਹਿਮ ਹਿੱਸਾ ਹੈ। ਪਰ ਕਈ ਵਾਰ ਆਸ ਏਨੀ ਕੁਦਰਤੀ ਅਤੇ ਸੁਭਾਵਕ ਹੋਣ ਦੇ ਬਾਵਜੂਦ ਵੀ ਅਸੀਂ ਇਸ ਨੂੰ ਗਵਾ ਬੈਠਦੇ ਹਾਂ। ਅਜਿਹੀ ਹਾਲਤ ਵਿੱਚ ਕੀ ਅਸੀਂ ਆਪਣੇ ਮਨ ਵਿੱਚ ਆਸ ਨੂੰ ਮੁੜ ਜਗਾ ਸਕਦੇ ਹਾਂ ? ਕਿਉਂਕਿ ਆਸ ਜ਼ਿੰਦਗੀ ਦੇ ਸੁਭਾਵਕ ਵਹਿਣ ਨਾਲ ਜੁੜੀ ਹੋਈ ਹੈ ਇਸ ਲਈ ਉਸ ਦੇ ਰਾਹ ਦੀਆਂ ਰੁਕਾਵਟਾਂ ਦੂਰ ਕਰਕੇ, ਅਸੀਂ ਉਸ ਦੇ ਵਹਿਣ ਨੂੰ ਬੇਰੋਕ ਬਣਾ ਸਕਦੇ ਹਾਂ। ਕਈ ਵਾਰ ਅਜਿਹਾ ਸਮਾਂ ਵੀ ਆਉਂਦਾ ਹੈ ਜਦੋਂ ਮਨੁੱਖ ਆਪਣਾ ਯਕੀਨ ਬਿਲਕੁਲ ਹੀ ਗਵਾ ਬੈਠਦਾ ਹੈ। ਅਜਿਹੇ ਮੌਕਿਆਂ ਤੇ ਆਪਣਾ ਧਿਆਨ ਵਰਤਮਾਨ 'ਤੇ ਕੇਂਦਰਿਤ ਕਰੋ। ਹਰ ਦਿਨ ਵਿੱਚ ਨਿੱਕੀਆਂ-ਨਿੱਕੀਆਂ ਖ਼ੁਸ਼ੀਆਂ ਲੱਭੋ, ਏਥੋਂ ਤੱਕ ਕਿ ਹਰ ਘੰਟੇ ਨੂੰ ਚੰਗੀ ਤਰ੍ਹਾਂ ਜਿਊਣ ਦਾ ਯਤਨ ਕਰੋ, ਕੋਈ ਚੰਗੀ ਕਿਤਾਬ ਪੜ੍ਹ ਕੇ, ਕਿਸੇ ਨਾਲ ਚੰਗੀਆਂ ਗੱਲਾਂ ਕਰਕੇ, ਕਿਸੇ ਨਾਲ ਹਮਦਰਦੀ ਭਰਿਆ ਸਲੂਕ ਕਰਕੇ, ਕਿਸੇ ਕੁਦਰਤੀ ਦ੍ਰਿਸ਼ ਅਤੇ ਸੁਹੱਪਣ ਨੂੰ ਮਾਣ ਕੇ। ਆਪਣੀਆਂ ਜੜ੍ਹਾਂ ਪੂਰੀ ਤਰ੍ਹਾਂ ਵਰਤਮਾਨ ਵਿੱਚ ਜਮਾਓ, ਜਦ ਤੱਕ ਕਿ ਤੁਹਾਡੇ ਅੰਦਰ ਆਉਣ ਵਾਲੇ ਕਲ੍ਹ ਬਾਰੇ ਸੋਚਣ ਦਾ ਹੌਸਲਾ ਨਹੀਂ ਆ ਜਾਂਦਾ। 1+4=5

7. ਅੰਗਰੇਜ਼ੀ ਦੇ ਹੇਠ ਲਿਖੇ ਕਿਸੇ ਦਸ ਸ਼ਬਦਾਂ ਦਾ ਪੰਜਾਬੀ ਰੂਪ ਲਿਖੋ :

Absolute, Adhoc, Appropriate, Collaboration, Determination, Embezzlement, Exemption, Generate, Incoordination, Innovation, Marginal, On Probation. 5

https://questionpaperesult.com/

Scanned by CamScanner